№ 000172

23[AAG]-L-40

# PUNJABI

## Paper-II

## (Literature)

*Time Allowed : Three Hours* | *Maximum Marks : 300*

### INSTRUCTIONS

***Candidates should attempt questions 1 and 5 which are compulsory, and any THREE of the remaining questions selecting at least ONE question from each Section.***

***All questions carry equal marks.***

***Answers must be written in Punjabi (Gurmukhi Script).***

punjabiforias.com by Satinder Sir

## SECTION A

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਤਿੰਨ ਦੀ ਆਲੋਚਨਾਤਮਕ ਵਿਆਖਿਆ ਕਰੋ : 20×3=60

(ਕ) ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾ ਵਿਸਰੀਆ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਦੀਆ ॥

(ਖ) ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥



Scanned with CamScanner

(c) ਬੁਲ੍ਹਾ ਕੀ ਜਾਣਾ ਮੈਂ ਕੌਣ ।
ਨਾ ਮੈਂ ਮੋਮਨ ਵਿਚ ਮਸੀਤਾਂ, ਨਾ ਮੈਂ ਵਿਚ ਕੁਫਰ ਦੀਆਂ
ਰੀਤਾਂ,
ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਰਔਨ ।
ਬੁਲ੍ਹਾ ਕੀ ਜਾਣਾ ਮੈਂ ਕੌਣ ।

(d) ਹੀਰ ਆਖਦੀ ਜੋਗੀਆਂ ਝੂਠ ਆਖੇਂ,
ਕੌਣ ਰੁੱਠੜੇ ਯਾਰ ਮਿਲਾਂਵਦਾ ਈ ।
ਏਹਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ,
ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਜੋਗੀ,
ਜਿਹੜਾ ਜੀਊ ਦਾ ਰੋਗ ਗਵਾਂਵਦਾ ਈ ।
ਭਲਾ ਦੱਸ ਖਾਂ ਚਿਰੀ ਵਿਛੁੰਨਿਆਂ ਨੂੰ,
ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ ।

2. ਸ਼ੇਖ ਫਰੀਦ ਅਦੁੱਤੀ ਅਧਿਆਤਮਕ ਅਤੇ ਸਾਹਿਤਕ ਪ੍ਰਤਿਭਾ ਦੇ ਮਾਲਕ ਸਨ । ਉਨ੍ਹਾਂ ਦੇ ਸ਼ਲੋਕ ਇਸ ਗੱਲ ਦੀ ਗਵਾਹੀ ਹਨ ਕਿ ਉਹ ਇਕ ਸਫਲ ਧਾਰਮਿਕ ਆਗੂ, ਨਿਪੁੰਨ ਕਵੀ ਅਤੇ ਆਦਰਸ਼ਕ ਮਨੁੱਖ ਸਨ । ਸਪਸ਼ਟ ਕਰੋ । 60

3. ਗੁਰੂ ਨਾਨਕ ਦੇਵ ਦੇ ਅਧਿਆਤਮਵਾਦ ਦੀ ਨੀਂਹ ਧਰਤੀ ਉਤੇ ਅਤੇ ਗ੍ਰਿਹਸਥ ਜੀਵਨ ਵਿਚ ਹੈ । ਉਨ੍ਹਾਂ ਦੀ ਬਾਣੀ ਇਕ ਜੀਵਨ ਦੇ ਤਿਆਗ ਦਾ ਨਹੀਂ, ਮਾਇਆ ਦੇ ਤਿਆਗ ਦਾ ਸੰਦੇਸ਼ ਹੈ । ਨਾਨਕ-ਬਾਣੀ ਵਿਚੋਂ ਉਦਾਹਰਣਾਂ ਦੇ ਕੇ ਸਪਸ਼ਟ ਕਰੋ । 60

4. ਵਾਰਿਸ ਦੀ ਹੀਰ ਵਿਚੋਂ ਵਾਰਿਸ ਦੇ ਸਮਕਾਲੀ ਸਮਾਜ ਦੇ ਜਿਹੜੇ ਧਾਰਮਿਕ, ਰਾਜਨੀਤਕ, ਸਭਿਆਚਾਰਕ ਅਤੇ ਆਰਥਿਕ ਵੇਰਵੇ ਮਿਲਦੇ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਕਰੋ । 60



punjabiforias.com
by Satinder Sir
Scanned with CamScanner

## SECTION B

5. ਹੇਠ ਲਿਖੇ ਕਾਵਿ/ਗਦ ਟੋਟਿਆਂ ਵਿਚੋਂ ਕਿਸੇ *ਤਿੰਨ* ਦੀ ਆਲੋਚਨਾਤਮਕ ਵਿਆਖਿਆ ਪੇਸ਼ ਕਰੋ : 20×3=60

(a) ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਏ।
ਸੁਖੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।

(b) ਆਖੀਂ : ਪ੍ਰੇਮ ਇਹ ਪਿਛ੍ਹਾਂ ਨਹੀਂ ਮੁੜਨ ਜੋਗਾ,
ਛੇੜੇ ਸਿਦਕ ਦੇ ਠਿਲ੍ਹਦੇ ਰਹਿਣ ਗੇ ਵੇ।
ਏਨ੍ਹਾਂ ਨਵ੍ਹਾਂ ਤੋਂ ਮਾਸ ਨਹੀਂ ਵੱਖ ਹੋਣਾ,
ਜਦ ਤਕ ਚੰਦ ਸੂਰਜ ਚੜ੍ਹਨ ਲਹਿਣ ਗੇ ਵੇ।
ਏਸ ਇਸ਼ਕ ਦੀ ਛਿੜੇਗੀ ਵਾਰ ਮਾਹੀਆ,
ਜਿਥੇ ਚਾਰ ਬੰਦੇ ਰਲ ਕੇ ਬਹਿਣ ਗੇ ਵੇ।

(c) ਹਰ ਹਿੰਦੁਸਤਾਨੀ ਆਪਣੇ ਘਰ ਦਾ ਬਾਦਸ਼ਾਹ ਹੋਵੇਗਾ। ਉਸ ਦੇ ਘਰ ਅੰਦਰ ਉਹਦੀ ਮਰਜ਼ੀ ਬਿਨਾਂ ਕੋਈ ਗਵਰਨਰ ਵੀ ਪੈਰ ਨਹੀਂ ਪਾ ਸਕੇਗਾ। ਕਿਸੇ ਦੇ ਘਰ ਦੀ ਤਲਾਸ਼ੀ ਨਹੀਂ ਕੀਤੀ ਜਾ ਸਕੇਗੀ, ਨਾ ਕਿਸੇ ਦੇ ਘਰ ਦੀ ਆਜ਼ਾਦੀ ਉਲੰਘੀ ਜਾਏਗੀ। ਤਹਿਸੀਲਦਾਰ, ਜ਼ਿਲੇਦਾਰ, ਪਟਵਾਰੀ, ਪਿਆਦੇ, ਸੁਆਰ ਸਭ ਲੋਕ ਸੇਵਕ ਹੋਣਗੇ, ਤੇ ਇਹ ਸਲਾਮ ਦੀ ਉਮੈਦ ਰਖਣ ਦੀ ਥਾਂ ਜਨਤਾ ਦੇ ਛੋਟੇ ਤੋਂ ਛੋਟੇ ਪ੍ਰਾਣੀ ਨੂੰ ਆਪ ਪਹਿਲੋਂ ਸ਼ੁਭ-ਇੱਛਾ ਭੇਟ ਕਰਿਆ ਕਰਨਗੇ। ਇਹਨਾਂ ਦੇ

punjabiforias.com by Satinder Sir



Scanned with CamScanner

ਦੌਰਿਆਂ ਨੂੰ ਆਰਾਮ ਦਾ ਇਕ ਬਣਾਨ ਲਈ ਲੋਕ ਬੇ-ਆਰਾਮ ਨਹੀਂ ਹੋਇਆ ਕਰਨਗੇ, ਸਗੋਂ ਲੋਕਾਂ ਦੇ ਆਰਾਮ ਲਈ ਇਹਨਾਂ ਦੇ ਦੌਰੇ ਕੀਤੇ ਜਾਇਆ ਕਰਨਗੇ।

(ਦ) ਰਜ਼ੀਆ ਕਤਲ ਹੋ ਗਈ। ਦਿੱਲੀ ਦੇ ਤੱਖ਼ਤ ਉਤੇ ਬਹਿਰਾਮ ਸ਼ਾਹ ਬੈਠ ਗਿਆ। ਫਿਰ ਖ਼ੁਦਗਰਜ਼ੀ ਤੇ ਰਿਸ਼ਵਤ ਦਾ ਬਾਜ਼ਾਰ ਗਰਮ ਹੋਇਆ, ਮਰਦ ਦਾ ਜਾਲ ਫੈਲਿਆ, ਅਤੇ ਉਹ ਸ਼ਾਹੀ ਦਰਬਾਰ ਜੋ ਕਦੇ ਵਿਦਵਾਨਾਂ ਤੇ ਚਿੰਤਕਾਂ ਨਾਲ ਭਰਿਆ ਰਹਿੰਦਾ ਸੀ, ਭੰਡਾਂ ਤੇ ਡੂੰਮਣੀਆਂ ਦਾ ਅਖਾੜਾ ਬਣ ਗਿਆ। ਬ੍ਰਿਛਾਂ ਨੇ ਪੱਤੇ ਬਦਲੇ, ਖਟਮਲਾਂ ਨੇ ਘਰ ਬਦਲੇ, ਸੱਪ ਨੇ ਕੁੰਜ ਬਦਲੀ, ਅਤੇ ਦਿਲੀ ਦੇ ਦਰਬਾਰੀਆਂ ਨੇ ਵਫ਼ਾਦਾਰੀ ਬਦਲ ਲਈ।

6. ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਸਿਖਰਾਜ ਦੇ ਦੁਖਾਂਤ ਨੂੰ ਸਾਹਿਤਕ-ਕਾਵਿ ਦੇ ਰੂਪ ਵਿਚ ਚਿਤਰਿਆ ਹੈ। ਇਸ ਕਥਨ ਦੀ ਰੋਸ਼ਨੀ ਵਿਚ ਜੰਗਨਾਮੇ ਦੇ ਵਿਸ਼ਾ-ਪੱਖ ਅਤੇ ਕਲਾ-ਪੱਖ ਦੀ ਆਲੋਚਨਾਤਮਕ ਪਰਖ ਕਰੋ। 60

7. "ਚਿੱਟਾ ਲਹੂ" ਨਾਵਲ ਵਿਚ ਨਾਨਕ ਸਿੰਘ ਦੇ ਉਪਭਾਵਕ ਹੋ ਕੇ ਇਕੋ ਵੇਲੇ ਅਨੇਕਾਂ ਵਿਸ਼ੇ ਛੋਹ ਲੈਂਦੇ ਹਨ, ਜਿਸ ਕਾਰਨ ਇਸ ਨਾਵਲ ਵਿਚ ਉਸਦੀ ਨਾਵਲਕਲਾ ਦੇ ਵੱਡੇ ਗੁਣ ਅਤੇ ਵੱਡੇ ਦੋਸ਼ ਵੀ ਉਘੜੇ ਹਨ। ਚਰਚਾ ਕਰੋ। 60

8. ਸਫਰਨਾਮਾ ਲਿਖਣ ਦਾ ਉਦੇਸ਼ ਦੋ ਸਭਿਆਚਾਰਾਂ ਦਾ ਵਿਭਿੰਨ ਆਧਾਰਾਂ ਤੇ ਤੁਲਨਾਤਮਕ ਅਧਿਐਨ ਪੇਸ਼ ਕਰਨਾ ਹੁੰਦਾ ਹੈ। ਕੀ ਬਲਰਾਜ ਸਾਹਨੀ ਆਪਣੇ ਸਫਰਨਾਮਿਆਂ ਵਿਚ ਇਸ ਉਦੇਸ਼ ਵਿਚ ਸਫਲ ਕਿਹਾ ਜਾ ਸਕਦਾ ਹੈ? ਉਦਾਹਰਣਾਂ ਸਹਿਤ ਸਪਸ਼ਟ ਕਰੋ। 50

punjabiforias.com by Satinder Sir